# ਦਫ਼ਤਰ ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ

01823-221301 (ਦਫ਼ਤਰ), 01823-226426 (ਫੈਕਸ), dc.nsr@punjab.gov.in (ਈ-ਮੇਲ)

(ਫੁੱਟਕਲ ਸ਼ਾਖਾ)

ਹੁਕਮ:-

ਕੋਰੋਨਾ ਵਾਈਰਸ (ਕੋਵਿਡ-19) ਦੀ ਬਿਮਾਰੀ ਵਿਸ਼ਵ ਭਰ ਵਿੱਚ ਫੈਲੀ ਹੋਈ ਹੈ। ਇਸ ਨੇ ਆਪਣੇ ਪੈਰ ਭਾਰਤ ਵਿੱਚ ਵੀ ਪਸਾਰੇ ਹੋਏ ਹਨ। ਪੰਜਾਬ ਸਰਕਾਰ ਵੱਲੋਂ ਜਾਰੀ ਨੋਟੀਫਿਕੇਸ਼ਨ ਨੰਬਰ 14/7/2020-4ਸਿਪ/677 ਮਿਤੀ 05-03-2020 ਰਾਹੀਂ ਕੋਰੋਨਾ ਵਾਇਰਸ (ਕੋਵਿਡ-19) ਨੂੰ ਮਹਾਂਮਾਰੀ ਘੋਸ਼ਿਤ ਕੀਤਾ ਗਿਆ ਹੈ। ਜਿਸ ਦੀ ਰੋਕਥਾਮ ਕਰਨੀ ਬਹੁਤ ਜ਼ਰੂਰੀ ਹੋ ਚੁੱਕੀ ਹੈ।

ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਵੱਲੋਂ ਪੱਤਰ ਨੰਬਰ ਆਈ.ਡੀ.ਐਸ.ਪੀ./2021/SPL/693 ਮਿਤੀ 03-05-2021 ਅਤੇ ਕੋਵਿਡ-19 ਸਬੰਧੀ ਗਠਿਤ ਕੀਤੀ ਜ਼ਿਲ੍ਹਾ ਟੈਕਨੀਕਲ ਕਮੇਟੀ, ਸ਼ਹੀਦ ਭਗਤ ਸਿੰਘ ਨਗਰ ਪਾਸੋਂ ਪਿੱਠ ਅੰਕਣ ਨੰਬਰ 1771/ਰੀਡਰ/ਏ.ਡੀ.ਸੀ. (ਜ) ਮਿਤੀ 03-05-2021 ਰਾਹੀਂ ਪ੍ਰਾਪਤ ਹੋਈ ਸਿਫਾਰਸ਼ ਰਿਪੋਰਟ ਨੂੰ ਮੁੱਖ ਰੱਖਦੇ ਹੋਏ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਨੰਬਰ 14/7/2020-4ਸਿਪ/677 ਮਿਤੀ 05-03-2020 ਤਹਿਤ ਮਿਲੇ ਅਧਿਕਾਰਾਂ ਅਤੇ ਵਧੀਕ ਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਪੰਜਾਬ ਚੰਡੀਗੜ੍ਹ ਦੇ ਪੱਤਰ ਨੰਬਰ ਕੋਵਿਡ-19/ਐਨ.ਐਚ.ਐਮ./1476-1483 ਮਿਤੀ 18-06-2020 ਤਹਿਤ ਜਾਰੀ ਹਦਾਇਤਾਂ ਦੇ ਮੱਦੇਨਜ਼ਰ: **ਪਿੰਡ ਭਰੋ ਮਜਾਰਾ ਤਹਿਸੀਲ ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਨਾਲ ਨੱਥੀ ਨਕਸ਼ੇ ਵਿੱਚ ਦਰਸਾਏ ਗਏ ਏਰੀਏ ਨੂੰ Micro Containment Zone ਘੋਸ਼ਿਤ ਕੀਤਾ ਜਾਂਦਾ ਹੈ।**

ਉਕਤ ਏਰੀਏ ਵਿੱਚ ਸਰਕਾਰ ਵੱਲੋਂ ਜਾਰੀ Containment Plan ਅਤੇ ਸਿਹਤ ਵਿਭਾਗ ਵੱਲੋਂ ਜਾਰੀ ਕੀਤੀ ਗਈ Advisory ਲਾਗੂ ਰਹੇਗੀ। ਉਕਤ ਦਰਸਾਏ ਅਨੁਸਾਰ ਏਰੀਏ ਵਿੱਚ ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਜਾਰੀ ਨੋਟੀਫਿਕੇਸ਼ਨ ਨੰਬਰ 14/7/2020-4ਸਿਪ/677 ਮਿਤੀ 05-03-2020 ਦੇ ਪੈਰ੍ਹਾ ਨੰਬਰ 12 ਤਹਿਤ ਹੇਠ ਲਿਖੇ ਹੁਕਮ ਕੀਤੇ ਜਾਂਦੇ ਹਨ:-

1. ਉਕਤ ਏਰੀਆ ਪੂਰੀ ਤਰ੍ਹਾਂ ਸੀਲ ਰਹੇਗਾ।
2. ਉਕਤ ਏਰੀਏ ਵਿੱਚ ਲੋਕਾਂ ਦੀਆਂ ਗਤੀਵਿਧੀਆਂ ਪੂਰੀ ਤਰ੍ਹਾਂ ਬੰਦ ਰਹਿਣਗੀਆਂ।
3. ਉਕਤ ਏਰੀਏ ਵਿੱਚ ਸਕੂਲ, ਦਫ਼ਤਰ ਬੰਦ ਰਹਿਣਗੇ ਅਤੇ ਲੋਕਾਂ ਦਾ ਇਕੱਠ ਹੋਣ ਤੇ ਪੂਰਨ ਪਾਬੰਦੀ ਹੋਵੇਗੀ।
4. ਉਕਤ ਏਰੀਏ ਵਿੱਚ ਵਹੀਕਲ ਦੀ ਗਤੀਵਿਧੀ ਪੂਰੀ ਤਰ੍ਹਾਂ ਬੰਦ ਰਹੇਗੀ (ਸਿਰਫ ਸਰਕਾਰੀ ਵਹੀਕਲ ਤੇ ਮੈਡੀਕਲ ਵਹੀਕਲ ਦੀਆਂ ਗਤੀਵਿਧੀਆਂ ਜਾਰੀ ਰਹਿਣਗੀਆਂ)।
5. ਉਕਤ ਏਰੀਏ ਵਿੱਚ ਕੋਵਿਡ-19 ਸਬੰਧੀ ਸਿਹਤ ਵਿਭਾਗ ਵੱਲੋਂ ਘਰ ਤੋਂ ਘਰ Surveillance ਕਰਕੇ ਕੰਟੈਕਟ ਟਰੇਸਿੰਗ ਕੀਤੀ ਜਾਵੇਗੀ।
6. ਉਕਤ ਏਰੀਏ ਵਿੱਚ ਕੋਵਿਡ-19 ਦੇ Suspected ਕੇਸਾਂ ਨੂੰ Home Quarantine ਕੀਤਾ ਜਾਵੇਗਾ।
7. ਉਕਤ ਏਰੀਏ ਵਿੱਚ ਜ਼ਰੂਰੀ ਵਸਤਾਂ ਦੀ ਸਪਲਾਈ ਅਤੇ ਮੈਡੀਕਲ ਸਹੂਲਤਾਂ ਆਦਿ ਜਾਰੀ ਰਹਿਣਗੀਆਂ।

ਇਸ ਦਫ਼ਤਰ ਵੱਲੋਂ ਪਿੱਠ ਅੰਕਣ ਨੰਬਰ 5819-33/ਐਮ.ਏ./ਕੋਵਿਡ-19 ਮਿਤੀ 08-07-2020 ਰਾਹੀਂ ਕੋਵਿਡ-19 ਦੇ ਸਬੰਧ ਵਿੱਚ Containment Zone ਅਤੇ Buffer Zone ਵਿੱਚ ਗਤੀਵਿਧੀਆਂ ਦੀ ਯੋਜਨਾਵਾਂ ਬਣਾਉਣ ਅਤੇ ਲਾਗੂ ਕਰਵਾਉਣ ਸਬੰਧੀ District Planning Committee ਦਾ ਗਠਨ ਕੀਤਾ ਹੋਇਆ ਹੈ। ਇਹ ਕਮੇਟੀ ਇਸ ਪੱਤਰ ਮਿਤੀ 08-07-2020 ਅਨੁਸਾਰ ਉਕਤ ਏਰੀਏ ਵਿੱਚ ਹੋਣ ਵਾਲੀਆਂ ਗਤੀਵਿਧੀਆਂ ਸਬੰਧੀ ਬਣਦੀ ਲੋੜੀਂਦੀ ਕਾਰਵਾਈ ਕਰੇਗੀ।

ਇਹ ਹੁਕਮ ਲਾਗੂ ਕਰਵਾਉਣ ਲਈ ਸੀਨੀਅਰ ਪੁਲਿਸ ਕਪਤਾਨ, ਸ਼ਹੀਦ ਭਗਤ ਸਿੰਘ ਨਗਰ, ਉਪ ਮੰਡਲ ਮੈਜਿਸਟਰੇਟ, ਬੰਗਾ ਅਤੇ ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਜ਼ਿੰਮੇਵਾਰ ਹੋਣਗੇ।

ਇਹ ਹੁਕਮ ਤੁਰੰਤ ਲਾਗੂ ਹੋਣਗੇ ਅਤੇ ਅਗਲੇ ਹੁਕਮਾਂ ਤੱਕ ਜਾਰੀ ਰਹਿਣਗੇ।

ਡਿਪਟੀ ਕਮਿਸ਼ਨਰ,
ਸ਼ਹੀਦ ਭਗਤ ਸਿੰਘ ਨਗਰ।

Scanned with CamScanner

ਪਿੱਠ-ਅੰਕਣ ਨੰਬਰ: 15956-69 /M.A/COVID-19 ਮਿਤੀ 03-05-2021

ਇਸ ਦਾ ਇੱਕ ਉਤਾਰਾ ਨਿਮਨ-ਲਿਖਤ ਨੂੰ ਸੂਚਨਾ ਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ।
2. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
3. ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ।
4. ਸਟੇਟ ਕੋਵਿਡ-19 ਕੰਟਰੋਲ ਰੂਮ, ਪੰਜਾਬ, ਚੰਡੀਗੜ੍ਹ।
5. ਵਿਸ਼ੇਸ਼ ਸਕੱਤਰ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
6. ਡਾਇਰੈਕਟਰ, ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਪੰਜਾਬ, ਚੰਡੀਗੜ੍ਹ।
7. ਡਾ. ਰਾਜੇਸ਼ ਭਾਸਕਰ, Epidemiologist, DHS.
8. ਕਮਿਸ਼ਨਰ, ਰੂਪਨਗਰ ਮੰਡਲ, ਰੂਪਨਗਰ।
9. ਸੀਨੀਅਰ ਪੁਲਿਸ ਕਪਤਾਨ, ਸ਼ਹੀਦ ਭਗਤ ਸਿੰਘ ਨਗਰ।
10. ਵਧੀਕ ਡਿਪਟੀ ਕਮਿਸ਼ਨਰ (ਜ), ਸ਼ਹੀਦ ਭਗਤ ਸਿੰਘ ਨਗਰ।
11. ਉਪ ਮੰਡਲ ਮੈਜਿਸਟਰੇਟ, ਬੰਗਾ।
12. ਨੋਡਲ ਅਫਸਰ/ਮੈਂਬਰ ਕਨਵੀਨਰ/ਮੈਂਬਰ ਜ਼ਿਲ੍ਹਾ ਪਲੈਨਿੰਗ ਕਮੇਟੀ (ਕੋਵਿਡ-19 ਸਬੰਧੀ), ਸ਼ਹੀਦ ਭਗਤ ਸਿੰਘ ਨਗਰ।
13. ਸਿਵਲ ਸਰਜਨ, ਸ਼ਹੀਦ ਭਗਤ ਸਿੰਘ ਨਗਰ ਨੂੰ ਉਹਨਾਂ ਦੇ ਦਫ਼ਤਰ ਦੇ ਪੱਤਰ ਨੰ: ਆਈ.ਡੀ.ਐਸ.ਪੀ./2021/SPL/693 ਮਿਤੀ 03-05-2021 ਦੇ ਸਬੰਧ ਵਿੱਚ।
14. ਡੀ.ਆਈ.ਓ., ਐੱਨ.ਆਈ.ਸੀ., ਸ਼ਹੀਦ ਭਗਤ ਸਿੰਘ ਨਗਰ।

ਡਿਪਟੀ ਕਮਿਸ਼ਨਰ,
ਸ਼ਹੀਦ ਭਗਤ ਸਿੰਘ ਨਗਰ।

Scanned with CamScanner


પાટણ
ડીસા થી પાટણ રોડ
ડીસા
Entry
Exist